ਸ੍ਰੀ ਦਰਬਾਰ ਸਾਹਿਬ ਦੀਆਂ ਸਰਾਵਾਂ ਦੇ ਨਾਂ 'ਤੇ ਸਾਈਬਰ ਠੱਗੀ

ਸ਼੍ਰੋਮਣੀ ਕਮੇਟੀ ਦਾ ਲੋਗੋ ਤੇ ਜਾਅਲੀ ਰਸੀਦਾਂ ਵਰਤ ਕੇ ਸੰਗਤਾਂ ਤੋਂ ਵਸੂਲੇ ਜਾ ਰਹੇ ਹਨ ਪੈਸੇ

ਅੰਮ੍ਰਿਤਸਰ, 8 ਸਤੰਬਰ (ਸੁਖਵਿੰਦਰਜੀਤ ਸਿੰਘ ਬਹੋੜੂ): ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਦੇਸ਼-ਵਿਦੇਸ਼ ਤੋਂ ਮੱਥਾ ਟੇਕਣ ਲਈ ਪਹੁੰਚਣ ਵਾਲੀਆਂ ਸੰਗਤਾਂ ਦੀ ਸਹੂਲਤ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਰਾਵਾਂ ਵਿਚ ਕਮਰੇ ਆਨਲਾਈਨ ਬੁਕ ਕਰਨ ਦੀ ਸਹੂਲਤ ਦਿਤੀ ਜਾਂਦੀ ਹੈ। ਇਸ ਸਹੂਲਤ ਦਾ ਕੁੱਝ ਸਾਈਬਰ ਠੱਗਾਂ ਵਲੋਂ ਕਥਿਤ ਤੌਰ 'ਤੇ ਨਾਜਾਇਜ਼ ਫ਼ਾਇਦਾ ਚੁੱਕਿਆ ਜਾ ਰਿਹਾ ਹੈ। ਜਾਅਲੀ ਵੈੱਬਸਾਈਟਾਂ, ਕਿਊ.ਆਰ. ਕੋਡ, ਫ਼ਰਜ਼ੀ ਰਸੀਦਾਂ ਅਤੇ ਐਸ.ਜੀ.ਪੀ.ਸੀ. ਦੇ ਲੋਗੋ ਦੀ ਵਰਤੋਂ ਕਰ ਕੇ ਸ਼ਰਧਾਲੂਆਂ ਤੋਂ ਪੈਸੇ ਵਸੂਲਣ ਦੇ ਮਾਮਲੇ ਸਾਹਮਣੇ ਆ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਸਰਾਵਾਂ ਦੇ ਮੈਨੇਜਰ ਗੁਰਪ੍ਰੀਤ ਸਿੰਘ ਨੇ ਦਸਿਆ ਕਿ ਸਾਈਬਰ ਠੱਗ ਲਗਾਤਾਰ ਨਵੀਆਂ ਵੈੱਬਸਾਈਟਾਂ ਤਿਆਰ ਕਰ ਕੇ ਸੰਗਤਾਂ ਨੂੰ ਅਪਣੇ ਜਾਲ ਵਿਚ ਫਸਾ ਰਹੇ ਹਨ। ਉਨ੍ਹਾਂ ਅਨੁਸਾਰ ਸਾਰਾਗੜ੍ਹੀ ਨਿਵਾਸ ਸਮੇਤ ਸਰਾਵਾਂ ਵਿਚ ਅਸਲ ਕਮਰਿਆਂ ਦਾ ਕਿਰਾਇਆ ਲਗਭਗ 1000 ਅਤੇ

ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸਰਾਵਾਂ ਦੇ ਮੈਨੇਜਰ ਗੁਰਪ੍ਰੀਤ ਸਿੰਘ।

1600 ਰੁਪਏ ਹੈ, ਜਦਕਿ ਜਾਅਲੀ ਵੈੱਬਸਾਈਟਾਂ ਰਾਹੀਂ ਸ਼ਰਧਾਲੂਆਂ ਤੋਂ 2500 ਤੋਂ 3500 ਰੁਪਏ ਤਕ ਵਸੂਲ ਕੀਤੇ ਜਾਣ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ। ਠੱਗ ਐਸ.ਜੀ.ਪੀ.ਸੀ. ਦਾ ਲੋਗੋ ਲਗਾ ਕੇ ਜਾਅਲੀ ਰਸੀਦਾਂ ਵੀ ਤਿਆਰ ਕਰ ਰਹੇ ਹਨ। ਮੈਨੇਜਰ ਗੁਰਪ੍ਰੀਤ ਸਿੰਘ ਨੇ ਦਸਿਆ ਕਿ ਇਸ ਮਾਮਲੇ ਸਬੰਧੀ 7 ਮਈ 2025 ਨੂੰ ਪੁਲਿਸ ਕਮਿਸ਼ਨਰ ਨੂੰ ਲਿਖਤੀ ਸ਼ਿਕਾਇਤ ਦਿਤੀ ਗਈ ਸੀ। ਉਨ੍ਹਾਂ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਪੁਲਿਸ ਪ੍ਰਸ਼ਾਸਨ ਨੂੰ ਸਾਈਬਰ ਠੱਗੀ ਦੀਆਂ ਘਟਨਾਵਾਂ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ, ਪਰ ਉਨ੍ਹਾਂ ਮੁਤਾਬਕ ਅਜੇ ਤਕ ਉਮੀਦ ਮੁਤਾਬਕ ਕਾਰਵਾਈ ਨਹੀਂ ਹੋਈ। ਉਨ੍ਹਾਂ ਪੁਲਿਸ ਵਿਭਾਗ ਤੋਂ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸਾਈਬਰ ਠੱਗਾਂ ਵਿਰੁਧ ਸਖ਼ਤ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਦਸਿਆ ਕਿ ਸ਼੍ਰੋਮਣੀ ਕਮੇਟੀ ਦੇ ਇੰਟਰਨੈੱਟ ਵਿਭਾਗ ਵਲੋਂ ਮਿਲਣ ਵਾਲੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਨਕਲੀ ਵੈੱਬਸਾਈਟਾਂ ਨੂੰ ਬੰਦ ਕਰਵਾਉਣ ਲਈ ਸਬੰਧਤ ਡੋਮੇਨ ਕੰਪਨੀਆਂ ਨਾਲ ਸੰਪਰਕ ਕੀਤਾ ਜਾਂਦਾ ਹੈ। ਇੰਟਰਨੈੱਟ ਵਿਭਾਗ ਦੇ ਸ. ਵਿਕਰਮਜੀਤ ਸਿੰਘ ਵਲੋਂ ਦਿਤੀ ਜਾਣਕਾਰੀ ਅਨੁਸਾਰ ਹੁਣ ਤਕ ਵੱਡੀ ਗਿਣਤੀ ਵਿਚ ਜਾਅਲੀ ਵੈੱਬਸਾਈਟਾਂ ਨੂੰ ਬੰਦ ਕਰਵਾਇਆ ਜਾ ਚੁੱਕਾ ਹੈ। ਪ੍ਰਬੰਧਕਾਂ ਨੇ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਸਰਾਵਾਂ ਵਿਚ ਕਮਰੇ ਬੁੱਕ ਕਰਵਾਉਣ ਸਮੇਂ ਸਿਰਫ਼ ਅਧਿਕਾਰਤ ਵੈੱਬਸਾਈਟ www. sgpcsarai. com ਦੀ ਹੀ ਵਰਤੋਂ ਕੀਤੀ ਜਾਵੇ। ਕਿਸੇ ਅਣਜਾਣ ਵੈੱਬਸਾਈਟ, ਫ਼ੋਨ ਨੰਬਰ ਜਾਂ ਕਿਊ.ਆਰ. ਕੋਡ ਰਾਹੀਂ ਪੈਸੇ ਟਰਾਂਸਫ਼ਰ ਕਰਨ ਤੋਂ ਪਹਿਲਾਂ ਉਸ ਦੀ ਪੂਰੀ ਪੁਸ਼ਟੀ ਕੀਤੀ ਜਾਵੇ। ਪ੍ਰਬੰਧਕਾਂ ਦਾ ਕਹਿਣਾ ਹੈ ਕਿ ਸੰਗਤਾਂ ਦੀ ਜਾਗਰੂਕਤਾ ਅਤੇ ਪੁਲਿਸ ਵਲੋਂ ਤੁਰਤ ਕਾਰਵਾਈ ਨਾਲ ਅਜਿਹੀ ਸਾਈਬਰ ਠੱਗੀ 'ਤੇ ਰੋਕ ਲਗਾਈ ਜਾ ਸਕਦੀ ਹੈ।

ਸਕੂਲ ਪ੍ਰਬੰਧਕ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਉਣ : ਐਡਵੋਕੇਟ ਧਾਮੀ

ਅੰਮ੍ਰਿਤਸਰ, 8 ਸਤੰਬਰ (ਸੁਖਵਿੰਦਰਜੀਤ ਸਿੰਘ ਬਹੋੜੂ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲ੍ਹੇ ਦੇ ਇਕ ਨਿਜੀ ਬੋਰਡਿੰਗ ਸਕੂਲ ਵਿਚ ਸਿੱਖ ਬੱਚੇ ਨਾਲ ਹੋਈ ਰੈਗਿੰਗ ਦੀ ਘਟਨਾ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਸਿਖਿਆ ਸੰਸਥਾ ਵਿਚ ਕਿਸੇ ਵੀ ਬੱਚੇ ਨਾਲ ਇਸ ਤਰ੍ਹਾਂ ਦਾ ਵਿਵਹਾਰ ਬੇਹੱਦ ਮੰਦਭਾਗਾ ਹੈ ਅਤੇ ਅਜਿਹੀਆਂ ਘਟਨਾਵਾਂ ਬੱਚਿਆਂ ਦੀ ਮਾਨਸਿਕ ਸਿਹਤ ਅਤੇ ਭਵਿੱਖ ਉੱਤੇ ਬੁਰਾ ਪ੍ਰਭਾਵ ਪਾ ਸਕਦੀਆਂ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਅਤੇ ਉਨ੍ਹਾਂ ਲਈ ਸੁਖਾਵਾਂ ਤੇ ਸਨਮਾਨਜਨਕ ਵਾਤਾਵਰਨ ਮੁਹਈਆ ਕਰਵਾਉਣਾ ਸਕੂਲ ਪ੍ਰਬੰਧਕਾਂ ਦੀ ਮੁਢਲੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਰੈਗਿੰਗ ਕਿਸੇ ਵੀ ਰੂਪ ਵਿਚ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ ਅਤੇ ਸਿਖਿਆ ਸੰਸਥਾਵਾਂ ਨੂੰ ਇਸ ਪ੍ਰਤੀ ਸੰਜੀਦਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਸਬੰਧੀ ਸਾਹਮਣੇ ਆਈ ਵੀਡੀਉ ਨੇ ਹਰ ਸੰਵੇਦਨਸ਼ੀਲ ਵਿਅਕਤੀ ਨੂੰ ਚਿੰਤਤ ਕੀਤਾ ਹੈ।

ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕੀਤੀ ਅਮਿਤ ਸ਼ਾਹ ਨਾਲ ਮੁਲਾਕਾਤ

ਸੰਗਤ ਨੂੰ ਬਿਹਤਰ ਸਹੂਲਤਾਂ ਮੁਹਈਆ ਕਰਵਾਉਣ ਸਬੰਧੀ ਵਿਸਥਾਰ ਨਾਲ ਚਰਚਾ ਹੋਈ

ਪਟਨਾ, 8 ਸਤੰਬਰ (ਰਾਜੇਸ਼ ਚੌਧਰੀ) : ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਅਤੇ ਮੀਤ ਪ੍ਰਧਾਨ ਗੁਰਵਿੰਦਰ ਸਿੰਘ ਨੇ ਨਵੀਂ ਦਿੱਲੀ ਵਿਖੇ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਮੁਲਾਕਾਤ ਦੌਰਾਨ ਸਿੱਖਾਂ ਨਾਲ ਜੁੜੇ ਮਹੱਤਵਪੂਰਨ ਮੁੱਦਿਆਂ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਵਿਕਾਸ, ਪ੍ਰਬੰਧਕ ਕਮੇਟੀ ਵਲੋਂ ਕੀਤੇ ਜਾ ਰਹੇ ਕਾਰਜਾਂ ਅਤੇ ਦੇਸ਼-ਵਿਦੇਸ਼ ਤੋਂ ਆਉਣ ਵਾਲੀ ਸੰਗਤ ਨੂੰ ਬਿਹਤਰ ਸਹੂਲਤਾਂ ਮੁਹਈਆ ਕਰਵਾਉਣ ਸਬੰਧੀ ਵਿਸਥਾਰ ਨਾਲ ਚਰਚਾ ਹੋਈ। ਇਸ ਦੌਰਾਨ ਪਟਨਾ ਸਾਹਿਬ ਕੋਰੀਡੋਰ, ਕੰਗਨ ਘਾਟ ਵਿਖੇ ਬਹੁ-ਮੰਜ਼ਿਲਾ ਪਾਰਕਿੰਗ, ਹਰਿਮੰਦਰ ਗਲੀ ਦੇ ਵਿਕਾਸ ਸਮੇਤ ਸ਼ਰਧਾਲੂਆਂ ਦੀਆਂ ਸਹੂਲਤਾਂ ਨਾਲ ਜੁੜੇ ਵੱਖ-ਵੱਖ ਵਿਸ਼ਿਆਂ 'ਤੇ ਵੀ ਮਹੱਤਵਪੂਰਨ ਵਿਚਾਰ-ਵਟਾਂਦਰਾ ਹੋਇਆ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪ੍ਰਬੰਧਕ ਕਮੇਟੀ ਵਲੋਂ ਕੀਤੇ ਜਾ ਰਹੇ ਕਾਰਜਾਂ ਬਾਰੇ ਜਾਣਕਾਰੀ ਲਈ ਅਤੇ ਚੱਲ ਰਹੀਆਂ ਵਿਕਾਸ ਯੋਜਨਾਵਾਂ ਦੀ ਪ੍ਰਗਤੀ ਸਬੰਧੀ ਵੀ ਚਰਚਾ ਕੀਤੀ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਨੇ ਕਿਹਾ ਕਿ ਸੰਗਤਾਂ ਨੂੰ ਬਿਹਤਰ ਸਹੂਲਤਾਂ ਮੁਹਈਆ ਕਰਵਾਉਣਾ ਕਮੇਟੀ ਦੀ ਸਭ ਤੋਂ ਵੱਡੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਪਟਨਾ ਸਾਹਿਬ ਦੇ ਸਮੁੱਚੇ ਵਿਕਾਸ ਲਈ ਕੇਂਦਰ ਅਤੇ ਸੂਬਾ ਸਰਕਾਰ ਦੇ ਸਹਿਯੋਗ ਨਾਲ ਕੀਤੇ ਜਾ ਰਹੇ ਯਤਨਾਂ ਨੂੰ ਹੋਰ ਤੇਜ਼ੀ ਦੇਣ ਦੀ ਲੋੜ ਹੈ। ਕਮੇਟੀ ਦੇ ਅਹੁਦੇਦਾਰਾਂ ਨੇ ਦਸਿਆ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਹੋਈ ਮੁਲਾਕਾਤ ਬੇਹੱਦ ਸਕਾਰਾਤਮਕ ਅਤੇ ਭਰੋਸਾ ਦੇਣ ਵਾਲੀ ਰਹੀ। ਪਟਨਾ ਸਾਹਿਬ ਦੇ ਵਿਕਾਸ ਅਤੇ ਸਿੱਖ ਸਮਾਜ ਨਾਲ ਜੁੜੇ ਵਿਸ਼ਿਆਂ ਨੂੰ ਜਿਸ ਗੰਭੀਰਤਾ ਨਾਲ ਸੁਣਿਆ ਗਿਆ, ਉਸ ਨਾਲ ਸੰਗਤ ਵਿਚ ਵੀ ਸਕਾਰਾਤਮਕ ਸੰਦੇਸ਼ ਗਿਆ ਹੈ। ਮੀਤ ਪ੍ਰਧਾਨ ਗੁਰਵਿੰਦਰ ਸਿੰਘ ਨੇ ਕਿਹਾ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਵਿਸ਼ਵ ਭਰ ਦੀ ਸਿੱਖ ਸੰਗਤ ਦੀ ਆਸਥਾ ਦਾ ਪ੍ਰਮੁੱਖ ਕੇਂਦਰ ਹੈ। ਸ਼ਰਧਾਲੂਆਂ ਦੀਆਂ ਸਹੂਲਤਾਂ, ਪਟਨਾ ਸਾਹਿਬ ਦੇ ਵਿਕਾਸ ਅਤੇ ਇਤਿਹਾਸਕ ਵਿਰਾਸਤ ਦੀ ਸੰਭਾਲ ਲਈ ਪ੍ਰਬੰਧਕ ਕਮੇਟੀ ਲਗਾਤਾਰ ਯਤਨਸ਼ੀਲ ਹੈ।

ਸਿੱਟ ਨੇ ਸੁਖਬੀਰ ਬਾਦਲ ਨੂੰ ਗੋਲੀ ਕਾਂਡ ਮਾਮਲੇ 'ਚ ਮੁੜ ਤਲਬ ਕੀਤਾ

ਚੰਡੀਗੜ੍ਹ, 8 ਸਤੰਬਰ (ਭੁੱਲਰ): ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦੇ ਮਾਮਲੇ ਵਿਚ ਜਾਂਚ ਕਰ ਰਹੀ ਐਸ.ਆਈ.ਟੀ. ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਪੁਛਗਿੱਛ ਲਈ ਮੁੜ ਤਲਬ ਕੀਤਾ ਹੈ। ਇਸ ਬਾਅਦ ਸੁਖਬੀਰ ਦੀਆਂ ਮੁਸ਼ਕਲਾਂ ਵਧਦੀਆਂ ਦਿਖਾਈ ਦੇ ਰਹੀਆਂ ਹਨ। ਉਨ੍ਹਾਂ ਨੂੰ ਪਿਛਲੇ ਦਿਨਾਂ ਵਿਚ ਵੀ ਤਲਬ ਕਰ ਕੇ ਪੁਛਗਿਛ ਕੀਤੀ ਗਈ ਸੀ ਅਤੇ ਹੁਣ ਮੁੜ ਦੂਜੀ ਵਾਰ ਸੱਦਿਆ ਗਿਆ ਹੈ। ਐਸ.ਆਈ.ਟੀ. ਨੇ ਸੰਮਨ ਜਾਰੀ ਕਰ ਕੇ ਉਨ੍ਹਾਂ ਨੂੰ 11 ਸਤੰਬਰ ਸਵੇਰੇ ਚੰਡੀਗੜ੍ਹ ਵਿਖੇ ਪੇਸ਼ ਹੋਣ ਲਈ ਕਿਹਾ ਹੈ। ਵਰਨਣਯੋਗ ਹੈ ਕਿ ਗੋਲੀ ਕਾਂਡ ਦੇ ਸਬੰਧ ਵਿਚ ਐਸ.ਆਈ.ਟੀ. ਨੇ ਜਾਂਚ ਤੇਜ਼ ਕੀਤੀ ਹੋਈ ਹੈ। ਪਿਛਲੇ ਦਿਨੀਂ ਭਾਜਪਾ ਆਗੂ ਵਿਜੈ ਸਾਂਪਲਾ ਨੂੰ ਤਲਬ ਕੀਤਾ ਗਿਆ ਸੀ।

ਮਨੁੱਖੀ ਅਧਿਕਾਰਾਂ ਦੀ ਰਾਖੀ ਤਹਿਤ ਭਾਈ ਹਵਾਰਾ ਨੂੰ ਪੈਰੋਲ ਦਿਤੀ ਜਾਵੇ: ਚੰਦੂਮਾਜਰਾ

ਖਮਾਣੋਂ, 8 ਸਤੰਬਰ (ਪੱਤਰ ਪ੍ਰੇਰਕ): ਸ਼੍ਰੋਮਣੀ ਅਕਾਲੀ ਪੁਨਰ ਸੁਰਜੀਤ ਦੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਵਿਧਾਇਕ ਜਸਟਿਸ ਨਿਰਮਲ ਸਿੰਘ, ਗੁਰਜੀਤ ਸਿੰਘ ਤਲਵੰਡੀ ਯੂਥ ਪ੍ਰਧਾਨ ਅਤੇ ਸ. ਜਗਜੀਤ ਸਿੰਘ ਕੋਹਲੀ (ਦਫ਼ਤਰ ਇੰਚਾਰਜ ਅਤੇ ਮੁੱਖ ਬੁਲਾਰਾ) ਦੀ ਅਗਵਾਈ ਵਿਚ ਵਰਕਰਾਂ ਅਤੇ ਆਗੂਆਂ ਦਾ ਇਕ ਵਫ਼ਦ ਕੌਮ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੇ ਮਾਤਾ ਜੀ ਦਾ ਹਾਲ ਜਾਨਣ ਲਈ ਉਨ੍ਹਾਂ ਦੇ ਗ੍ਰਹਿ ਪਿੰਡ ਹਵਾਰਾ ਵਿਖੇ ਪਹੁੰਚਿਆ। ਜਿਥੇ ਸਾਰੇ ਆਗੂਆਂ ਨੇ ਮਾਤਾ ਨਰਿੰਦਰ ਕੌਰ ਦੀ ਸਿਹਤ ਬਾਰੇ ਜਾਣਕਾਰੀ ਹਾਸਲ ਕੀਤੀ। ਇਸ ਉਪਰੰਤ ਪ੍ਰੇਮ ਸਿੰਘ ਚੰਦੂਮਾਜਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਕੁੱਝ ਦਿਨ ਪਹਿਲਾਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੁਰਾਂ ਨੂੰ ਚਿੱਠੀ ਲਿਖ ਕੇ ਭਾਈ ਹਵਾਰਾ

ਅਕਾਲੀ ਦਲ ਪੁਨਰ ਸੁਰਜੀਤ ਅਤੇ ਕੌਮੀ ਇਨਸਾਫ਼ ਮੋਰਚੇ ਦੇ ਵਫ਼ਦ ਨੇ ਪਿੰਡ ਹਵਾਰਾ 'ਚ ਮਾਤਾ ਜੀ ਦਾ ਹਾਲ ਜਾਣਿਆ

ਦੀ ਪੈਰੋਲ ਦੀ ਮੰਗ ਕੀਤੀ ਸੀ ਜਿਸ ਦੇ ਜਵਾਬ ਵਿਚ ਪ੍ਰਧਾਨ ਮੰਤਰੀ ਦਫ਼ਤਰ ਵਲੋਂ ਜਵਾਬ ਆਇਆ ਕਿ ਤੁਸੀਂ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਸਿੱਧਾ ਰਾਬਤਾ ਕਰ ਸਕਦੇ ਹੋ। ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਗੱਲ ਹੋਣ ਤੋਂ ਬਾਅਦ ਅੱਜ ਪਿੰਡ ਹਵਾਰਾ ਪਹੁੰਚ ਕੇ ਸ਼੍ਰੋਮਣੀ ਅਕਾਲੀ ਦਲ ਪੁਨਰ-ਸੁਰਜੀਤ ਦੇ ਸੀਨੀਅਰ ਆਗੂਆਂ ਨੇ ਕੌਮੀ ਇਨਸਾਫ਼ ਮੋਰਚੇ ਦੇ ਆਗੂ ਗੁਰਚਰਨ ਸਿੰਘ, ਸ. ਪਾਲ ਸਿੰਘ ਫ਼ਰਾਂਸ, ਸ. ਗੁਰਿੰਦਰ ਸਿੰਘ ਬਾਜਵਾ, ਸ. ਇੰਦਰਜੀਤ ਸਿੰਘ ਅਤੇ ਸ. ਸੁਖਬੀਰ ਸਿੰਘ ਬਲਬੇੜਾ ਨਾਲ ਭਾਈ ਹਵਾਰਾ ਦੀ ਪੈਰੋਲ ਸਬੰਧੀ ਬੰਦ ਕਮਰਾ ਮੀਟਿੰਗ ਕੀਤੀ। ਜਿਸ ਵਿਚ ਚੰਦੂਮਾਜਰਾ ਨੇ ਕੌਮੀ ਇਨਸਾਫ਼ ਮੋਰਚੇ ਨੂੰ ਭਰੋਸਾ ਦਿਵਾਇਆ ਕਿ ਭਾਈ ਹਵਾਰਾ ਨੂੰ ਜਲਦੀ ਪੈਰੋਲ ਮਿਲਣ ਦੇ ਪੂਰੇ ਆਸਾਰ ਹਨ। ਜਿਸ 'ਤੇ ਸਾਰੇ ਆਗੂਆਂ ਨੇ ਤਸੱਲੀ ਪ੍ਰਗਟਾਈ। ਇਸ ਮੌਕੇ ਬੋਲਦਿਆਂ ਯੂਥ ਪ੍ਰਧਾਨ ਸ. ਗੁਰਜੀਤ ਸਿੰਘ ਤਲਵੰਡੀ ਨੇ ਸਮੂਹ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਭਾਈ ਹਵਾਰਾ ਦੀ ਪੈਰੋਲ ਲਈ ਕੌਮੀ ਇਨਸਾਫ਼ ਮੋਰਚੇ ਵਲੋਂ ਉਲੀਕੇ ਜਾਣ ਵਾਲੇ ਕਿਸੇ ਵੀ ਪ੍ਰੋਗਰਾਮ ਲਈ ਤਿਆਰ ਰਹਿਣ। ਇਸ ਮੌਕੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਧਰਮ ਪ੍ਰਚਾਰ ਜਥੇ ਦੇ ਚੇਅਰਮੈਨ ਸ. ਮਨਜੀਤ ਸਿੰਘ ਭੋਮਾ ਵੀ ਉਚੇਚੇ ਤੌਰ 'ਤੇ ਹਾਜ਼ਰ ਸਨ।

ਇਟਲੀ ਵਿਚ ਗਿਆਨੀ ਰਘਬੀਰ ਸਿੰਘ ਨੇ ਗਤਕਾ ਸਿੱਖ ਰਹੇ ਬੱਚਿਆਂ ਦਾ ਵਧਾਇਆ ਉਤਸ਼ਾਹ

ਇਟਲੀ ਵਿਚ ਗਿਆਨੀ ਰਘਬੀਰ ਸਿੰਘ ਨੂੰ ਸਨਮਾਨਤ ਕੀਤੇ ਜਾਣ ਦੀ ਤਸਵੀਰ।

ਮਿਲਾਨ, 8 ਸਤੰਬਰ (ਦਲਜੀਤ ਮੱਕੜ): ਸਿੱਖੀ ਦੇ ਪ੍ਰਚਾਰ ਹਿੱਤ ਯੂਰਪ ਦੌਰੇ 'ਤੇ ਆਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਟਲੀ ਪਹੁੰਚ ਕੇ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ 'ਚ ਹਾਜ਼ਰੀ ਭਰੀ। ਇਸ ਦੌਰਾਨ ਉਨ੍ਹਾਂ 'ਸਾਹਿਬਜ਼ਾਦਾ ਅਜੀਤ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ ਗੱਤਕਾ ਅਖਾੜਾ' ਬਨਿਓਲੋ ਮੇਲਾ ਵਿਖੇ ਸ਼ਮੂਲੀਅਤ ਕੀਤੀ। ਉੱਥੇ ਪਹੁੰਚਣ 'ਤੇ ਪ੍ਰਬੰਧਕਾਂ ਅਤੇ ਸੰਗਤਾਂ ਵਲੋਂ ਜੈਕਾਰਿਆਂ ਦੀ ਗੂੰਜ ਨਾਲ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਗੱਤਕਾ ਸਿਖਲਾਈ ਪ੍ਰਾਪਤ ਕਰ ਰਹੇ ਬੱਚਿਆਂ ਅਤੇ ਨੌਜਵਾਨਾਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਵਿਦੇਸ਼ਾਂ ਵਿਚ ਰਹਿੰਦਿਆਂ ਵੀ ਅਪਣੀ ਸ਼ਸਤਰ ਵਿੱਦਿਆ ਅਤੇ ਵਿਰਸੇ ਨਾਲ ਜੁੜੇ ਰਹਿਣਾ ਬਹੁਤ ਮਾਣ ਵਾਲੀ ਗੱਲ ਹੈ। ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਉਨ੍ਹਾਂ ਕਿਹਾ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖ ਇਤਿਹਾਸ ਵਿਚ ਮੀਰੀ-ਪੀਰੀ ਅਤੇ ਸ਼ਸਤਰ ਵਿੱਦਿਆ ਦੀ ਨੀਂਹ ਰੱਖੀ ਸੀ। ਉਨ੍ਹਾਂ ਅਪੀਲ ਕੀਤੀ ਕਿ ਵਿਦੇਸ਼ਾਂ ਵਿਚ ਬੱਚਿਆਂ ਨੂੰ ਸ਼ਸਤਰ ਵਿੱਦਿਆ, ਬਾਣੀ ਅਤੇ ਬਾਣੇ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਗੱਤਕਾ ਅਖਾੜੇ ਦੇ ਸਰਪ੍ਰਸਤ ਭਾਈ ਲਾਲ ਸਿੰਘ ਸੁਰਤਾਪੁਰ (ਮੁੱਖ ਸੇਵਾਦਾਰ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ, ਕਸਤੇਨੇਦਲੋ) ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਪਿਛਲੇ 18 ਸਾਲਾਂ ਤੋਂ ਪਰਵਾਰ ਸਮੇਤ ਇਟਲੀ ਵਿਚ ਬੱਚਿਆਂ ਨੂੰ ਗੱਤਕੇ ਦੀ ਸਿਖਲਾਈ ਦੇ ਕੇ ਸ਼ਲਾਘਾਯੋਗ ਕੰਮ ਕਰ ਰਹੇ ਹਨ। ਇਸ ਮੌਕੇ ਹਰਦੇਵ ਸਿੰਘ ਗਰੇਵਾਲ, ਜਸਵੀਰ ਸਿੰਘ ਗੇਦੀ, ਕਰਮਜੀਤ ਸਿੰਘ ਬੂਰੇਜੱਟਾਂ, ਜਗੀਰ ਸਿੰਘ ਔਲਖ ਆਦਿ ਹਾਜ਼ਰ ਸਨ।

ਜਨਮ ਦਿਨ ਮੁਬਾਰਕ

ਹਰਨਿਵਾਜ ਸਿੰਘ ਸੰਧੂ
ਪਿਤਾ: ਪਰਮਜੀਤ ਸਿੰਘ ਸੰਧੂ
ਮਾਤਾ: ਨਵਦੀਪ ਕੌਰ
ਥੇਹ ਤਿੱਬੜ (ਗੁਰਦਾਸਪੁਰ)

ਜਸਕਰਨ ਸਿੰਘ
ਪਿਤਾ : ਦਿਲਵਰ ਸਿੰਘ
ਮਾਤਾ : ਜਸਪ੍ਰੀਤ ਕੌਰ
ਅਧਰੇੜਾ, ਰੂਪਨਗਰ

ਇਕ ਨਜ਼ਰ...

ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜਲਦੀ ਤੋਂ ਜਲਦੀ ਕਰਵਾਈਆਂ ਜਾਣ : ਰੰਧਾਵਾ

ਅੰਮ੍ਰਿਤਸਰ, 8 ਸਤੰਬਰ (ਸੁਖਵਿੰਦਰਜੀਤ ਸਿੰਘ ਬਹੋੜੂ): ਸਾਬਕਾ ਉਪ ਮੁੱਖ ਮੰਤਰੀ ਪੰਜਾਬ ਅਤੇ ਲੋਕ ਸਭਾ ਮੈਂਬਰ ਸ. ਸੁਖਜਿੰਦਰ ਸਿੰਘ ਰੰਧਾਵਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਪਿਛਲੇ ਕਰੀਬ 15 ਸਾਲਾਂ ਤੋਂ ਨਾ ਹੋਣ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਚੋਣ ਪ੍ਰਕਿਰਿਆ ਵਿਚ ਹੋ ਰਹੀ ਦੇਰੀ ਨੂੰ ਖ਼ਤਮ ਕਰ ਕੇ ਦੀਆਂ ਚੋਣਾਂ ਜਲਦ ਤੋਂ ਜਲਦ ਕਰਵਾਈਆਂ ਜਾਣ। ਸ. ਰੰਧਾਵਾ ਨੇ ਕਿਹਾ ਕਿ ਚੋਣਾਂ ਸਿਰਫ਼ ਇਕ ਚੋਣ ਦਾ ਮਾਮਲਾ ਨਹੀਂ, ਸਗੋਂ ਕਰੋੜਾਂ ਸਿੱਖਾਂ ਦੀ ਆਸਥਾ, ਸ਼ਰਧਾ ਅਤੇ ਅਪਣੇ ਧਾਰਮਕ ਅਦਾਰੇ ਦੇ ਪ੍ਰਬੰਧ ਵਿਚ ਹਿੱਸੇਦਾਰੀ ਨਾਲ ਜੁੜਿਆ ਅਹਿਮ ਮੁੱਦਾ ਹੈ। ਸਿੱਖ ਸੰਗਤ ਨੂੰ ਅਪਣੇ ਨੁਮਾਇੰਦੇ ਚੁਣਨ ਦਾ ਪੂਰਾ ਮੌਕਾ ਮਿਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਸੰਸਦ ਵਿਚ ਕੇਂਦਰ ਸਰਕਾਰ ਤੋਂ ਸਪਸ਼ਟ ਤੌਰ 'ਤੇ ਪੁਛਿਆ ਸੀ ਕਿ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਇੰਨੀ ਲੰਬੀ ਦੇਰੀ ਕਿਉਂ ਹੋ ਰਹੀ ਹੈ ਅਤੇ ਇਹ ਚੋਣਾਂ ਕਦੋਂ ਤਕ ਕਰਵਾਈਆਂ ਜਾਣਗੀਆਂ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਕਾਨੂੰਨੀ ਪ੍ਰਕਿਰਿਆ ਦਾ ਸਨਮਾਨ ਕਰਦਿਆਂ ਬਾਕੀ ਸਾਰੀਆਂ ਕਾਰਵਾਈਆਂ ਵਿਚ ਤੇਜ਼ੀ ਲਿਆਂਦੀ ਜਾਵੇ ਅਤੇ ਸਿੱਖ ਸੰਗਤ ਨੂੰ ਅਪਣੇ ਨੁਮਾਇੰਦੇ ਚੁਣਨ ਦਾ ਹੱਕ ਬਿਨਾਂ ਹੋਰ ਬੇਲੋੜੀ ਦੇਰੀ ਦੇ ਦਿਤਾ ਜਾਵੇ।

ਪੰਜਾਬ 'ਚ ਮਾਨਸੂਨ ਦੀ ਰਫ਼ਤਾਰ ਪਈ ਮੱਠੀ, ਵਧੇਗੀ ਗਰਮੀ ਅਤੇ ਹੁੰਮਸ

ਚੰਡੀਗੜ੍ਹ, 8 ਸਤੰਬਰ (ਸਸਸ) : ਪੰਜਾਬ ਤੇ ਚੰਡੀਗੜ੍ਹ ਵਿਚ ਮਾਨਸੂਨ ਦੀ ਰਫ਼ਤਾਰ ਮੱਠੀ ਪੈ ਗਈ ਹੈ। ਅੱਜ ਪਠਾਨਕੋਟ, ਹੁਸ਼ਿਆਰਪੁਰ ਅਤੇ ਰੂਪਨਗਰ ਦੇ ਕੁਝ ਇਲਾਕਿਆਂ ਵਿਚ ਮੀਂਹ ਪੈਣ ਦੀ ਸੰਭਾਵਨਾ ਹੈ, ਜਦਕਿ ਚੰਡੀਗੜ੍ਹ ਵਿਚ ਬੱਦਲਵਾਈ ਬਣੀ ਰਹੇਗੀ। ਮੀਂਹ ਘੱਟ ਪੈਣ ਕਾਰਨ ਗਰਮੀ ਅਤੇ ਹੁੰਮਸ ਵਧ ਸਕਦੀ ਹੈ। ਸੂਬੇ ਦੇ ਵੱਧ ਤੋਂ ਵੱਧ ਤਾਪਮਾਨ ਵਿਚ 0.7 ਡਿਗਰੀ ਦਾ ਵਾਧਾ ਦਰਜ ਕੀਤਾ ਗਿਆ ਹੈ, ਜਿਸ ਨਾਲ ਇਹ ਆਮ ਪੱਧਰ ਦੇ ਨੇੜੇ ਪਹੁੰਚ ਗਿਆ ਹੈ। ਮੌਸਮ ਵਿਭਾਗ ਅਨੁਸਾਰ, ਸੋਮਵਾਰ ਨੂੰ ਪਠਾਨਕੋਟ ਨੂੰ ਛੱਡ ਕੇ ਪੰਜਾਬ ਦੇ ਕਿਸੇ ਵੀ ਜ਼ਿਲ੍ਹੇ ਵਿਚ ਮੀਂਹ ਦਰਜ ਨਹੀਂ ਕੀਤਾ ਗਿਆ, ਹਾਲਾਂਕਿ 14 ਜ਼ਿਲ੍ਹਿਆਂ ਵਿਚ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਗਈ ਸੀ। ਪਠਾਨਕੋਟ ਵਿਚ 0.5 ਮਿਲੀਮੀਟਰ ਮੀਂਹ ਪਿਆ। ਸੂਬੇ ਭਰ ਵਿਚ ਵੱਧ ਤੋਂ ਵੱਧ ਤਾਪਮਾਨ ਪਠਾਨਕੋਟ ਵਿਚ 31.2 ਡਿਗਰੀ ਸੈਲਸੀਅਸ ਤੋਂ ਲੈ ਕੇ ਬਠਿੰਡਾ ਵਿਚ 36.4 ਡਿਗਰੀ ਸੈਲਸੀਅਸ ਤਕ ਦਰਜ ਕੀਤਾ ਗਿਆ।

ਜੰਮੂ 'ਚ ਫ਼ੌਜ ਦੀ ਥਾਂ ਲਵੇਗੀ ਸੀਆਰਪੀਐਫ਼

ਨਵੀਂ ਦਿੱਲੀ/ਜੰਮੂ, 8 ਸਤੰਬਰ : ਸੁਰੱਖਿਆ ਏਜੰਸੀਆਂ ਨੇ ਜੰਮੂ ਅਤੇ ਕਸ਼ਮੀਰ ਦੇ ਜੰਮੂ ਖੇਤਰ ਵਿਚ ਚੁਣੇ ਹੋਏ ਸਥਾਨਾਂ 'ਤੇ ਅਤਿਵਾਦ ਵਿਰੋਧੀ ਕਾਰਵਾਈਆਂ ਲਈ ਫ਼ੌਜ ਦੇ ਜਵਾਨਾਂ ਦੀ ਥਾਂ ਕੇਂਦਰੀ ਰਿਜ਼ਰਵ ਪੁਲਿਸ ਫੋਰਸ (ਸੀਆਰਪੀਐਫ਼) ਦੇ ਜਵਾਨਾਂ ਨੂੰ ਤਾਇਨਾਤ ਕਰਨ ਲਈ ਇਕ ਵਿਆਪਕ ਯੋਜਨਾ ਤਿਆਰ ਕੀਤੀ ਹੈ। ਪ੍ਰਸਤਾਵ ਤਹਿਤ, ਜੰਮੂ ਖੇਤਰ ਦੇ ਊਧਮਪੁਰ ਅਤੇ ਕਠੂਆ ਜ਼ਿਲ੍ਹਿਆਂ ਵਿਚ ਲਗਭਗ 21 ਸਥਾਨਾਂ ਦੀ ਪਛਾਣ ਕੀਤੀ ਗਈ ਹੈ ਜਿੱਥੇ ਅਰਧ ਸੈਨਿਕ ਬਲ ਤਾਇਨਾਤ ਕੀਤੇ ਜਾਣਗੇ। ਇਨ੍ਹਾਂ ਸਥਾਨਾਂ 'ਤੇ ਸੀਆਰਪੀਐਫ਼ ਦੀ ਜੰਗਲ ਯੁੱਧ ਇਕਾਈ ਦੀਆਂ ਵਿਸ਼ੇਸ਼ ਇਕਾਈਆਂ, ਕਮਾਂਡੋ ਬਟਾਲੀਅਨ ਫਾਰ ਰੈਜ਼ੋਲਿਊਟ ਐਕਸ਼ਨ (ਕੋਬਰਾ) ਨੂੰ ਵੀ ਉਨ੍ਹਾਂ ਦੇ ਨਾਲ ਤਾਇਨਾਤ ਕੀਤਾ ਜਾਵੇਗਾ। ਸੁਰੱਖਿਆ ਅਧਿਕਾਰੀਆਂ ਨੇ ਕਿਹਾ ਕਿ ਸ਼ੁਰੂਆਤੀ ਫ਼ੌਜ ਦੀਆਂ ਗਤੀਵਿਧੀਆਂ ਤੋਂ ਬਾਅਦ, ਇਨ੍ਹਾਂ ਕੈਂਪਾਂ ਵਿਚ ਫ਼ੌਜਾਂ ਦੀ ਗਿਣਤੀ ਕਾਫ਼ੀ ਘੱਟ ਗਈ ਸੀ। (ਪੀਟੀਆਈ)

ਵਰਲਡ ਸਿੱਖ ਪਾਰਲੀਮੈਂਟ ਵਲੋਂ ਜਰਮਨੀ 'ਚ ਹੋਣ ਵਾਲੀ ਪੰਥਕ ਇਕੱਤਰਤਾ ਦੀ ਸ਼ਲਾਘਾ

ਸਟੁਟਗਾਰਟ, 8 ਸਤੰਬਰ (ਸੰਦੀਪ ਸਿੰਘ ਖਾਲੜਾ) : ਵਰਲਡ ਸਿੱਖ ਪਾਰਲੀਮੈਂਟ ਨੇ ਜਰਮਨੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਬਉੱਚਤਾ, ਅਕਾਲ ਤਖ਼ਤ ਸਾਹਿਬ ਜੀ ਦੀ ਪ੍ਰਮਾਣਿਤ ਸਿੱਖ ਰਹਿਤ ਮਰਿਆਦਾ ਅਤੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਸਮਰਪਤ ਕੀਤੀ ਜਾ ਰਹੀ ਪੰਥਕ ਇਕੱਤਰਤਾ ਨੂੰ ਸ਼ਲਾਘਾਯੋਗ ਉਪਰਾਲਾ ਕਰਾਰ ਦਿਤਾ ਹੈ। ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਣੀ ਇਸ ਸੰਸਥਾ ਦੇ ਆਗੂਆਂ ਭਾਈ ਗੁਰਚਰਨ ਸਿੰਘ ਗੁਰਾਇਆ, ਭਾਈ ਜਤਿੰਦਰ ਸਿੰਘ ਅਤੇ ਭਾਈ ਗੁਰਪਾਲ ਸਿੰਘ ਪਾਲਾ ਨੇ ਕਿਹਾ ਕਿ ਅੱਜ ਸਮੇਂ ਦੀ ਮੁੱਖ ਲੋੜ ਆਪਸੀ ਮਤਭੇਦਾਂ ਤੋਂ ਉਪਰ ਉਠ ਕੇ ਗੁਰਮਤਿ ਸਿਧਾਂਤਾਂ ਅਤੇ ਪੰਥਕ ਏਕਤਾ ਨੂੰ ਮਜ਼ਬੂਤ ਕਰਨਾ ਹੈ। ਉਨ੍ਹਾਂ ਕਿਹਾ ਕਿ ਮੂਲ

ਨਾਨਕਸ਼ਾਹੀ ਕੈਲੰਡਰ ਸਿੱਖ ਕੌਮ ਦੀ ਨਿਆਰੀ ਪਛਾਣ ਨਾਲ ਜੁੜਿਆ ਮਹੱਤਵਪੂਰਨ ਮਸਲਾ ਹੈ, ਜਿਸ ਲਈ ਸਾਂਝੀ ਰਣਨੀਤੀ ਦੀ ਲੋੜ ਹੈ। ਵਰਲਡ ਸਿੱਖ ਪਾਰਲੀਮੈਂਟ ਨੇ ਜਰਮਨੀ ਦੇ ਸਮੂਹ ਗੁਰਦੁਆਰਾ ਪ੍ਰਬੰਧਕਾਂ, ਸਿੱਖ ਸੰਸਥਾਵਾਂ, ਪ੍ਰਚਾਰਕਾਂ ਅਤੇ ਸੁਹਿਰਦ ਗੁਰਸਿੱਖਾਂ ਨੂੰ ਅਪੀਲ ਕੀਤੀ ਕਿ ਉਹ 21 ਸਤੰਬਰ ਦਿਨ ਸੋਮਵਾਰ ਨੂੰ ਸਟੁਟਗਾਰਟ ਵਿਚ ਹੋ ਰਹੀ ਇਕੱਤਰਤਾ ਵਿਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ। ਆਗੂਆਂ ਨੇ ਆਸ ਪ੍ਰਗਟਾਈ ਕਿ ਇਹ ਇਕੱਤਰਤਾ ਪੰਥਕ ਮਸਲਿਆਂ 'ਤੇ ਆਪਸੀ ਸਹਿਯੋਗ ਨੂੰ ਹੋਰ ਮਜ਼ਬੂਤੀ ਦੇਵੇਗੀ। ਉਨ੍ਹਾਂ ਸਮੂਹ ਗੁਰਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਬਉਚਤਾ, ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਅਤੇ ਕੌਮ ਦੀ ਵਿਲੱਖਣ ਪਛਾਣ ਦੀ ਰਾਖੀ ਲਈ ਇਕਜੁੱਟ ਹੋਣ ਦਾ ਸੱਦਾ ਦਿਤਾ।

ਭਾਰਤੀ ਕਬੱਡੀ ਖਿਡਾਰੀ ਚੌਧਰੀ ਡੋਪ ਟੈਸਟ 'ਚ ਫ਼ੇਲ੍ਹ, ਤਮਗ਼ਾ ਖੁੱਸਿਆ

ਨਵੀਂ ਦਿੱਲੀ, 8 ਸਤੰਬਰ : ਏਸ਼ਿਆਈ ਬੀਚ ਖੇਡਾਂ ਵਿਚ ਚਾਂਦੀ ਦਾ ਤਮਗ਼ਾ ਜਿੱਤਣ ਵਾਲੀ ਭਾਰਤੀ ਕਬੱਡੀ ਟੀਮ ਦੇ ਮੈਂਬਰ ਬ੍ਰਿਜੇਂਦਰ ਸਿੰਘ ਚੌਧਰੀ ਡੋਪ ਟੈਸਟ ਵਿਚ ਫ਼ੇਲ੍ਹ ਹੋ ਗਏ ਹਨ, ਜਿਸ ਕਾਰਨ ਉਨ੍ਹਾਂ ਤੋਂ ਤਮਗ਼ਾ ਵਾਪਸ ਲੈ ਲਿਆ ਗਿਆ ਹੈ। ਅੰਤਰਰਾਸ਼ਟਰੀ ਟੈਸਟਿੰਗ ਏਜੰਸੀ (ਆਈ.ਟੀ.ਏ.) ਨੇ ਦਸਿਆ ਕਿ ਚੌਧਰੀ 27 ਅਪ੍ਰੈਲ ਨੂੰ ਮੁਕਾਬਲੇ ਦੌਰਾਨ ਕੀਤੇ ਗਏ ਡੋਪ ਟੈਸਟ ਵਿਚ ਪਾਬੰਦੀਸ਼ੁਦਾ ਡਾਇਯੂਰੇਟਿਕ (ਮਾਸਕਿੰਗ ਏਜੰਟ) ਬ੍ਰਿਜ਼ੋਲਾਮਾਈਡ ਦੇ ਸੇਵਨ ਦੇ ਦੋਸ਼ੀ ਪਾਏ ਗਏ। ਖਿਡਾਰੀ ਨੇ ਡੋਪਿੰਗ ਰੋਕੂ ਨਿਯਮਾਂ ਦੀ ਉਲੰਘਣਾ ਨਾਲ ਸਬੰਧਤ ਪਾਬੰਦੀ ਅਤੇ ਇਸ ਦੇ ਨਤੀਜਿਆਂ ਨੂੰ ਸਵੀਕਾਰ ਕਰ ਲਿਆ ਹੈ। ਆਈ.ਟੀ.ਏ. ਨੇ ਏਸ਼ਿਆਈ ਓਲੰਪਿਕ ਕੌਂਸਲ (ਓ.ਸੀ.ਏ.) ਵੱਲੋਂ ਜਾਰੀ ਬਿਆਨ ਵਿਚ ਕਿਹਾ ਕਿ ਬ੍ਰਿਜੇਂਦਰ ਸਿੰਘ ਚੌਧਰੀ ਵਿਰੁੱਧ ਡੋਪਿੰਗ ਰੋਕੂ ਨਿਯਮਾਂ ਦੀ ਉਲੰਘਣਾ ਦੇ ਮਾਮਲੇ ਵਿਚ ਕਾਰਵਾਈ ਕੀਤੀ ਗਈ ਹੈ। ਬ੍ਰਿਜ਼ੋਲਾਮਾਈਡ ਨੂੰ ਵਿਸ਼ਵ ਡੋਪਿੰਗ ਰੋਕੂ ਏਜੰਸੀ (ਵਾਡਾ) ਦੀ ਪਾਬੰਦੀਸ਼ੁਦਾ ਪਦਾਰਥਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ ਅਤੇ ਇਹ ਮੁਕਾਬਲੇ ਦੌਰਾਨ ਅਤੇ ਮੁਕਾਬਲੇ ਤੋਂ ਬਾਹਰ ਹਰ ਸਮੇਂ ਪਾਬੰਦੀਸ਼ੁਦਾ ਹੈ। ਆਈ.ਟੀ.ਏ. ਮੁਤਾਬਕ ਚੌਧਰੀ ਨੇ ਆਪਣੇ ਨਿਯਮ ਉਲੰਘਣਾ ਦੇ ਨਤੀਜਿਆਂ ਨੂੰ ਸਵੀਕਾਰ ਕਰ ਲਿਆ ਹੈ, ਜਿਸ ਵਿਚ ਉਨ੍ਹਾਂ ਦੇ ਵਿਅਕਤੀਗਤ ਨਤੀਜਿਆਂ ਨੂੰ ਰੱਦ ਕਰਨਾ ਵੀ ਸ਼ਾਮਲ ਹੈ। (ਪੀ.ਟੀ.ਆਈ)

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ 15 ਨੂੰ ਮਨਾਏਗਾ ਜਮਹੂਰੀਅਤ ਦਿਹਾੜਾ

ਅੰਮ੍ਰਿਤਸਰ, 8 ਸਤੰਬਰ (ਸੁਖਵਿੰਦਰਜੀਤ ਸਿੰਘ ਬਹੋੜੂ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਲੰਬੇ ਸਮੇਂ ਤੋਂ ਚੋਣਾਂ ਨਾ ਕਰਵਾਏ ਜਾਣ ਦੇ ਵਿਰੋਧ ਵਿਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਲੋਂ 15 ਸਤੰਬਰ ਨੂੰ 'ਜਮਹੂਰੀਅਤ ਦਿਹਾੜਾ' ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਅੱਜ ਕੀਤੀ ਗਈ ਪ੍ਰੈਸ ਕਾਨਫ਼ਰੰਸ ਦੌਰਾਨ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਇਮਾਨ ਸਿੰਘ ਮਾਨ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨਾ ਹੋਣ ਕਾਰਨ ਸਿੱਖ ਸੰਸਥਾਵਾਂ ਵਿਚ ਜਮਹੂਰੀ ਪ੍ਰਕਿਰਿਆ ਨੂੰ ਲੰਬੇ ਸਮੇਂ ਤੋਂ ਰੋਕਿਆ ਹੋਇਆ ਹੈ। ਇਮਾਨ ਸਿੰਘ ਮਾਨ ਨੇ ਕਿਹਾ ਕਿ ਇਸ ਵਾਰ 15 ਸਤੰਬਰ ਨੂੰ ਮਨਾਏ ਜਾਣ ਵਾਲੇ ਜਮਹੂਰੀਅਤ ਦਿਹਾੜੇ ਦੌਰਾਨ 'ਵੰਦੇ ਮਾਤਰਮ' ਦਾ ਮੁੱਦਾ ਵੀ ਪ੍ਰਮੁੱਖਤਾ ਨਾਲ ਉਠਾਇਆ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਵਲੋਂ ਸਿੱਖਾਂ ਉਤੇ ਵੰਦੇ ਮਾਤਰਮ ਦੇ ਗਾਇਨ ਨੂੰ ਥੋਪਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਦਾ ਉਨ੍ਹਾਂ ਦੀ ਪਾਰਟੀ ਵਿਰੋਧ ਕਰਦੀ ਹੈ।

ਰਾਜਨਾਥ ਸਿੰਘ ਤਿੰਨ ਰੋਜ਼ਾ ਯਾਤਰਾ 'ਤੇ ਸ੍ਰੀਲੰਕਾ ਪਹੁੰਚੇ

ਕੋਲੰਬੋ, 8 ਸਤੰਬਰ : ਰੱਖਿਆ ਮੰਤਰੀ ਰਾਜਨਾਥ ਸਿੰਘ ਭਾਰਤ ਅਤੇ ਸ੍ਰੀਲੰਕਾ ਵਿਚਾਲੇ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਰੱਖਿਆ ਵਧਾਉਣ ਦੇ ਮਕਸਦ ਨਾਲ ਮੰਗਲਵਾਰ ਨੂੰ ਤਿੰਨ ਦਿਨਾ ਯਾਤਰਾ 'ਤੇ ਸ੍ਰੀਲੰਕਾ ਪਹੁੰਚੇ। ਰਾਜਨਾਥ ਸਿੰਘ ਨੇ ਸ੍ਰੀਲੰਕਾ ਰਵਾਨਾ ਹੋਣ ਤੋਂ ਪਹਿਲਾਂ ਕਿਹਾ ਕਿ ਉਹ ਇਸ ਯਾਤਰਾ ਦੌਰਾਨ ਸ੍ਰੀਲੰਕਾ ਦੇ ਨੇਤਾਵਾਂ ਨਾਲ ਸਾਰਥਕ ਗੱਲਬਾਤ ਦੀ ਉਮੀਦ ਕਰਦੇ ਹਨ। ਸ੍ਰੀਲੰਕਾ ਦੇ ਉਪ ਰੱਖਿਆ ਮੰਤਰੀ ਮੇਜਰ ਜਨਰਲ (ਸੇਵਾਮੁਕਤ) ਅਰੁਣ ਜੈਸੇਕਰਾ ਅਤੇ ਭਾਰਤੀ ਹਾਈ ਕਮਿਸ਼ਨਰ ਸੰਤੋਸ਼ ਝਾਅ ਨੇ ਸਿੰਘ ਦਾ ਸਵਾਗਤ ਕੀਤਾ। ਇਹ 38 ਸਾਲਾਂ ਵਿਚ ਕਿਸੇ ਭਾਰਤੀ ਰੱਖਿਆ ਮੰਤਰੀ ਦੀ ਸ੍ਰੀਲੰਕਾ ਦੀ ਪਹਿਲੀ ਯਾਤਰਾ ਹੈ। (ਏਜੰਸੀ)

ਇਟਲੀ ਦੇ ਲੁਸਾਰਾ ਵਿਖੇ 5ਵਾਂ ਕੀਰਤਨ ਦਰਬਾਰ ਕਰਵਾਇਆ

ਮਿਲਾਨ, 8 ਸਤੰਬਰ (ਦਲਜੀਤ ਮੱਕੜ) : ਇਟਲੀ ਦੇ ਸੂਬਾ ਇਮੀਲਿਆ ਰੋਮਾਨੀਆਂ ਦੇ ਜਿਲ੍ਹਾ ਰਿਜੋਮਿਲੀਆ ਦੇ ਸ਼ਹਿਰ ਲੁਸਾਰਾ ਵਿਖੇ 5 ਸਿੱਖ ਭਾਈਚਾਰੇ ਵਲੋਂ 5ਵਾਂ ਕੀਰਤਨ ਦਰਬਾਰ ਸਰਬਤ ਦਾ ਭਲਾ ਸੇਵਾ ਸੋਸਾਇਟੀ ਅਤੇ ਲੁਸਾਰਾ ਦੇ ਸੰਗਤ ਦੇ ਸਹਿਯੋਗ

ਨਾਲ ਕਰਵਾਇਆ ਗਿਆ, ਜਿਸ ਦੀ ਆਰੰਭਤਾ ਸ੍ਰੀ ਸੁਖਮਨੀ ਸਾਹਬ ਜੀ ਦੇ ਜਾਪ ਨਾਲ ਕੀਤੀ ਗਈ। ਅਰਦਾਸ ਉਪਰੰਤ ਸ਼ਹਿਰ ਦੀਆਂ ਬੱਚੀਆਂ ਵਲੋਂ ਕੀਰਤਨ ਕਰ ਕੇ ਆਈ ਸੰਗਤ ਨੂੰ ਨਿਹਾਲ ਕੀਤਾ। ਇਸ ਮੌਕੇ ਨੋਵੇਲਾਰਾ ਸ਼ਹਿਰ ਦੀ ਨਵੀਂ ਬਣੀ ਮੇਅਰ ਸਟੇਫਨੀ ਮੁਸੀ ਨੇ ਆਪਣੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਸਿੱਖ ਕੌਮ ਦਾ ਧੰਨਵਾਦ ਕੀਤਾ ਤੇ ਕਿਹਾ ਮੈਂ ਸਿੱਖ ਕੌਮ ਤੇ ਬੜੀ ਖੁਸ਼ ਹਾਂ ਜਿਨ੍ਹਾਂ ਨੇ ਅੱਜ ਮੈਨੂੰ ਇਸ ਸਮਾਗਮ ਚ ਸ਼ਾਮਲ ਹੋਣ ਦਾ ਸੱਦਾ ਦਿਤਾ। ਬਾਅਦ 'ਚ ਕਮੇਟੀ ਨੇ ਆਏ ਸਾਰੇ ਮਹਿਮਾਨਾਂ ਅਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਤ ਕੀਤਾ ਅਤੇ ਸਮਾਗਮ ਚ ਸ਼ਾਮਲ ਹੋਣ ਤੇ ਧੰਨਵਾਦ ਕੀਤਾ। ਬਾਅਦ ਚ ਇੰਡੀਆ ਤੋਂ ਆਏ ਜਵਾਲਾ ਸਿੰਘ ਪਤੰਗਾ ਦੇ ਢਾਡੀ ਜਥੇ ਨੇ ਸੰਗਤਾਂ ਨੂੰ ਢਾਡੀ ਵਾਰਾਂ ਨਾਲ ਸਿੱਖ ਕੌਮ ਦਾ ਗੌਰਵਮਈ ਇਤਿਹਾਸ ਸਰਵਣ ਕਰਾਇਆ। ਜਿਸ ਉਪਰੰਤ ਮਿਸਲ ਸ਼ਹੀਦਾਂ ਗਤਕਾ ਅਕੈਡਮੀ ਦੇ ਸਿੰਘਾਂ ਨੇ ਗੱਤਕੇ ਦੇ ਜੌਹਰ ਦਿਖਾਏ। ਸਮਾਪਤੀ ਮੌਕੇ ਵਰਲੱਡ ਸਿੱਖ ਸ਼ਹੀਦ ਮਿਲਟਰੀ (ਰਜਿ) ਇਟਲੀ ਦੇ ਪ੍ਰਧਾਨ ਪ੍ਰਿਥੀਪਾਲ ਸਿੰਘ, ਸਤਿੰਦਰ ਸਿੰਘ ਤੇ ਪ੍ਰਿਤਪਾਲ ਸਿੰਘ ਨੇ ਗਤਕੇ ਵਾਲੇ ਸਿੰਘਾਂ ਅਤੇ ਹੋਰਨਾਂ ਸੇਵਾਦਾਰਾਂ ਦਾ ਸਨਮਾਨ ਕੀਤਾ ਅਤੇ ਸਮਾਗਮ ਨੂੰ ਸਫ਼ਲ ਨੇਪਰੇ ਚਾੜ੍ਹਨ 'ਤੇ ਧਨਵਾਦ ਕੀਤਾ। ਇਸ ਮੌਕੇ ਲੁਸਾਰਾ ਦੀ ਸੰਗਤ ਵਲੋਂ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਚੰਡੀਗੜ੍ਹ ਹਾਊਸਿੰਗ ਬੋਰਡ
(ਚੰਡੀਗੜ੍ਹ ਪ੍ਰਸ਼ਾਸਨ ਅਧੀਨ ਇਕ ਅਦਾਰਾ)
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

ਪਬਲਿਕ ਨੋਟਿਸ

ਸਨਮੁਖ ਸਕੱਤਰ, ਸੀਐਚਬੀ, ਅਸਟੇਟ ਅਫ਼ਸਰ ਦੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ, ਯੂ.ਟੀ., ਚੰਡੀਗੜ੍ਹ

ਵਿਸ਼ਾ : ਡਿਵੈਲਿੰਗ ਯੂਨਿਟ ਨੰ. 2315-2 ਸ਼੍ਰੇਣੀ EWS ਸੈਕਟਰ 45-ਸੀ, ਚੰਡੀਗੜ੍ਹ ਦੇ ਮਾਲਕੀ ਹੱਕ/ਇਤਕਾਲ ਦੀ ਤਬਦੀਲੀ, ਸੇਲ ਡੀਡ ਦੇ ਆਧਾਰ 'ਤੇ ਅਲਾਟੀ/ਟਰਾਂਸਫਰੀ ਸ੍ਰੀਮਤੀ ਚਲਤੀ ਦੇਵੀ ਪਤਨੀ ਸਵ. ਸ੍ਰੀ ਬੰਤਾ ਰਾਮ ਦੇ ਨਾਂ ਤੋਂ ਸ੍ਰੀ ਇਮਰਾਨ ਪੁੱਤਰ ਸ੍ਰੀ ਰਫ਼ੀਕ ਅਹਿਮਦ ਦੇ ਨਾਂ ਤਬਦੀਲ ਕਰਨ ਸਬੰਧੀ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਡਿਵੈਲਿੰਗ ਯੂਨਿਟ ਨੰ. 2315-2 ਸ਼੍ਰੇਣੀ EWS ਸੈਕਟਰ 45-ਸੀ, ਚੰਡੀਗੜ੍ਹ ਅਲਾਟੀ/ਟਰਾਂਸਫਰੀ ਸ੍ਰੀਮਤੀ ਚਲਤੀ ਦੇਵੀ ਪਤਨੀ ਸਵ. ਸ੍ਰੀ ਬੰਤਾ ਰਾਮ ਦੇ ਨਾਂ ਹੈ। ਹੁਣ ਸ੍ਰੀਮਤੀ ਚਲਤੀ ਦੇਵੀ ਪਤਨੀ ਸਵ. ਸ੍ਰੀ ਬੰਤਾ ਰਾਮ ਨੇ ਉਪਰੋਕਤ ਉਕਤ ਡਿਵੈਲਿੰਗ ਯੂਨਿਟ ਮਿਤੀ 13.05.2022 ਨੂੰ ਦਫ਼ਤਰ ਸਬ ਰਜਿਸਟਰਾਰ ਚੰਡੀਗੜ੍ਹ ਵਿਚ ਰਜਿਸਟਰਡ ਅਤੇ ਸੇਲ ਡੀਡ ਵਸੀਅਤ ਤਹਿਤ ਸ੍ਰੀ ਇਮਰਾਨ ਪੁੱਤਰ ਸ੍ਰੀ ਰਫ਼ੀਕ ਅਹਿਮਦ ਨੂੰ ਵੇਚ ਦਿੱਤੀ ਹੈ। ਸ੍ਰੀ ਇਮਰਾਨ ਪੁੱਤਰ ਸ੍ਰੀ ਰਫ਼ੀਕ ਅਹਿਮਦ ਨੇ ਸੇਲ ਡੀਡ ਦੇ ਆਧਾਰ 'ਤੇ ਉਪਰੋਕਤ ਉਕਤ ਡਿਵੈਲਿੰਗ ਆਪਣੇ ਨਾਂ ਤਬਦੀਲ ਕਰਨ ਲਈ ਅਪਲਾਈ ਕੀਤਾ ਹੈ।

ਜੇਕਰ ਕਿਸੇ ਨੂੰ ਵੀ ਉੱਪਰ ਲਿਖੀ ਜਾਇਦਾਦ ਦਾ ਇੰਤਕਾਲ ਬਿਨੈਕਾਰ ਦੇ ਪੱਖ ਵਿਚ ਕਰਨ ਬਾਬਤ ਕੋਈ ਇਤਰਾਜ਼ ਹੈ ਤਾਂ ਉਹ ਇਸ ਨੋਟਿਸ ਦੀ ਪ੍ਰਕਾਸ਼ਨਾ ਦੇ 21 ਦਿਨਾਂ ਦੇ ਅੰਦਰ ਅੰਦਰ ਲਿਖਤੀ ਰੂਪ ਵਿਚ ਇਤਰਾਜ਼ ਨਿਮਨਹਸਤਾਖ਼ਰੀ ਕੋਲ ਦਰਜ ਕਰਵਾ ਸਕਦਾ ਹੈ। ਇਤਰਾਜ਼ ਨਾਂ ਆਉਣ ਦੀ ਸੂਰਤ ਵਿਚ ਉਕਤ ਡਿਵੈਲਿੰਗ ਯੂਨਿਟ ਉਕਤ ਉਪਰ ਦਰਸਾਏ ਬਿਨੈਕਾਰ ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

pnb Housing Finance Limited — Ghar Ki Baat

ਅੰਤਿਕਾ IV-A ਅਚੱਲ ਜਾਇਦਾਦ/ਦਾਂ ਦੀ ਈ ਨਿਲਾਮੀ ਵਿਕਰੀ ਸੂਚਨਾ

ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ਼ ਫ਼ਾਈਨੈਂਸ਼ੀਅਲ ਅਸੈਟਸ ਐਂਡ ਇਨਫੋਰਸਮੈਂਟ ਆਫ਼ ਸਕਿਉਰਿਟੀ ਇੰਟਰੈਸਟ ਐਕਟ, 2002 ਅਤੇ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8(6) ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨੀਲਾਮੀ ਵਿਕਰੀ ਸੂਚਨਾ

ਰਜਿ. ਦਫ਼ਤਰ : ਨੌਵੀਂ ਮੰਜ਼ਿਲ, ਅੰਤ੍ਰਿਕਸ਼ ਭਵਨ, 22 ਕਸਤੂਰਬਾ ਗਾਂਧੀ ਮਾਰਗ, ਨਵੀਂ ਦਿੱਲੀ 110001, ਫੋਨ : 011-23357171, 23357172, 23705414, ਵੈੱਬ : www.pnbhousing.com

ਬ੍ਰਾਂਚ ਦਫ਼ਤਰ ਲੁਧਿਆਣਾ : BXIX 262/1, ਪਹਿਲੀ ਮੰਜ਼ਿਲ, ਡਾ. ਸ਼ਾਮ ਸਿੰਘ ਰੋਡ, ਫਿਰੋਜ਼ਪੁਰ ਰੋਡ, ਸਾਹਮਣੇ ਫਿਰੋਜ਼ ਗਾਂਧੀ ਮਾਰਕਿਟ, ਲੁਧਿਆਣਾ-141001

ਆਮ ਜਨਤਾ ਅਤੇ ਖਾਸ ਤੌਰ 'ਤੇ ਕਾਲਮ 'ਏ' ਵਿਚ ਦਰਸਾਏ ਕਰਜ਼ਦਾਰਾਂ, ਗਿਰਵੀਕਾਰਾਂ, ਅਤੇ ਗਰੰਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਾਲਮ 'ਡੀ' ਵਿਚ ਦਰਸਾਈਆਂ ਗਈਆਂ ਸਕਿਉਰਡ ਕ੍ਰੈਡੀਟਰ ਕੋਲ ਗਿਰਵੀ/ਚਾਰਜਡ ਅਚੱਲ ਜਾਇਦਾਦਾਂ ਦਾ ਮੈਸ: ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ/ਸਕਿਉਰਡ ਕ੍ਰੈਡੀਟਰ ਦੇ ਅਧਿਕਾਰਤ ਅਫ਼ਸਰ ਨੇ ਸਕਿਉਰਡ ਕ੍ਰੈਡੀਟਰ ਕੋਲ ਗਿਰਵੀ/ਰਹਿਣ/ਚਾਰਜ਼ਡ ਜਾਇਦਾਦਾਂ ਦਾ (ਕਾਲਮ ਸੀ ਵਿਚ ਦਿੱਤੇ ਅਨੁਸਾਰ) ਉਸਾਰੂ/ਭੌਤਿਕ ਕਬਜ਼ਾ ਲੈ ਲਿਆ ਹੈ ਅਤੇ ਇਨ੍ਹਾਂ ਨੂੰ ਹੇਠਾਂ ਦਿੱਤੇ ਵੇਰਵੇ ਅਨੁਸਾਰ 'ਜਿਵੇਂ ਹੈ, ਜੋ ਹੈ ਜਿਥੇ ਹੈ' ਆਧਾਰ 'ਤੇ ਵੇਚਿਆ ਜਾਵੇਗਾ। [illegible]

ਲੋਨ ਨੰ., ਕਰਜ਼ਦਾਰ/ਸਹਿ ਕਰਜ਼ਦਾਰ/ਗਰੰਟਰ/ਕਾਨੂੰਨੀ ਵਾਰਸ ਦਾ ਨਾਮ (A)	ਮੰਗੀ ਗਈ ਰਕਮ ਅਤੇ ਮਿਤੀ (B)	ਕਬਜ਼ੇ ਦੀ ਕਿਸਮ (C)	ਗਿਰਵੀ ਜਾਇਦਾਦਾਂ ਦਾ ਵੇਰਵਾ (D)	ਰਾਖਵੀਂ ਕੀਮਤ (ਆਰ.ਪੀ.) (E)	ਈਐਮਡੀ (F)	ਬੋਲੀ ਜਮਾਂ ਕਰਵਾਉਣ ਦੀ ਆਖ਼ਰੀ ਮਿਤੀ (G)	ਬੋਲੀ ਵਾਧਾ ਦਰ (H)	ਪੜਤਾਲ ਦੀ ਮਿਤੀ ਤੇ ਸਮਾਂ (I)	ਨਿਲਾਮੀ ਦੀ ਮਿਤੀ ਅਤੇ ਸਮਾਂ (J)	ਜਾਣੇ ਦੇਣਦਾਰ (K)
HOU/LUD/0325/1371717, ਮੁਹੰਮਦ ਤਾਯਾਬ ਅਤੇ ਸ੍ਰੀਮਤੀ ਆਸਮੀਨ, ਬ੍ਰਾਂਚ ਦਫ਼ਤਰ : ਲੁਧਿਆਣਾ	Rs. 37,51,093.94/- Due as on 08.10.2025	ਭੌਤਿਕ ਕਬਜ਼ਾ	ਮਕਾਨ/ਪਲਾਟ ਨੰ. 60 ਮਿਨ, 61 ਮਿਨ, 62 ਮਿਨ, 63 ਮਿਨ, ਖ਼ਿਤਾਨੀ 160 ਵ. ਗਜ਼, ਅਬਾਦੀ ਜੁਨੇਜਾ ਕਾਲੋਨੀ, ਗੋਪਾਲ ਨਗਰ, ਟਿੱਬਾ ਰੋਡ, ਪਿੰਡ ਕੁਲੀਏਵਾਲ, ਲੁਧਿਆਣਾ, ਪੰਜਾਬ 141001, ਜੋ ਸ਼ਾਮਲ ਹੈ ਵਿਚ ਹਦਬਸਤ ਨੰ. 178, ਖਸਰਾ ਨੰ. 21//21-22//16-17-15-18/1-19/1-23/2-21//20 11 ਖਾਤਾ ਨੰ. 327/328, -328/329, 329/330, 330/331, 331/332, 332/333, 333/334 334/335, 335/336, ਸਫ਼ਾ ਨੰ. 651 ਜਮਾਂਬੰਦੀ ਸਾਲ 2006-2007, ਟਾਈਟਲ ਡੀਡ ਤਹਿਤ ਦਸਤਾਵੇਜ਼ ਨੰ. 2025-26/106/1/302 ਮਿਤੀ 04.04.2025 ਨੂੰ, ਹੱਦਾਂ : ਪੂਰਬ : ਮਕਾਨ ਸਾਈਡ 32 ਫੁੱਟ, ਪੱਛਮ : ਗਲੀ 20 ਫੁੱਟ ਚੌੜੀ ਸਾਈਡ 32 ਫੁੱਟ, ਉੱਤਰ : ਭਾਰਤੀ ਕੁਮਾਰ, ਸਾਈਡ 45 ਫੁੱਟ, ਦੱਖਣ : ਵਿਜ/ਖਾਲੀ ਪਲਾਟ ਸਾਈਡ 45 ਫੁੱਟ	Rs. 37,90,000	Rs. 3,79,000	12/10/2026	Rs. 10,000	05-10-2026 10.00 AM - 5.30 PM	13-10-2026 02:00 PM - 03:00PM	Not Known

* 18% ਸਾਲਾਨਾ ਦੀ ਦਰ ਨਾਲ ਵਿਆਜ ਸਮੇਤ ਜਿਵੇਂ ਕਿ ਲਾਗੂ ਹੋਵੇ, ਅਕਸਮਿਕ ਖ਼ਰਚੇ, ਲਾਗਤਾਂ, ਚਾਰਜਿਜ਼ ਆਦਿ ਨਾਲ, ਜੋ ਕਿ ਅਦਾਇਗੀ ਦੀ ਮਿਤੀ ਤੱਕ ਅਤੇ/ਜਾਂ ਪ੍ਰਾਪਤੀ ਤਕ। [illegible] ਤੀਜੀ ਮੰਜ਼ਿਲ, ਸੈਕਟਰ 44, ਗੁੜਗਾਓਂ, ਹਰਿਆਣਾ-122003, ਵੈਬਸਾਈਟ : www.bankeauctions.com ਰਾਹੀਂ ਵਿਕਰੀ ਕਰਨ ਵਿਚ ਅਧਿਕਾਰਤ ਅਫ਼ਸਰ ਦੀ ਸਹਾਇਤਾ ਕਰੇਗੀ। [illegible] 1800 120 8800, ਅਧਿਕਾਰਤ ਅਫ਼ਸਰ ਪੀਐਨਬੀਐਚਐਫਐਲ ਨਾਲ ਸੰਪਰਕ ਕਰੋ ਜਾਂ www.pnbhousing.com ਦਾ ਹਵਾਲਾ ਲਓ।

ਸਥਾਨ : ਲੁਧਿਆਣਾ — ਮਿਤੀ : 10.09.2026 — ਸਹੀ/- ਅਧਿਕਾਰਤ ਅਫ਼ਸਰ, ਪੀਐਨਬੀ ਹਾਊਸਿੰਗ ਫਾਈਨਾਂਸ ਲਿਮਟਿਡ

ਚੰਡੀਗੜ੍ਹ ਹਾਊਸਿੰਗ ਬੋਰਡ
ਚੰਡੀਗੜ੍ਹ ਪ੍ਰਸ਼ਾਸਨ ਦਾ ਇਕ ਅਦਾਰਾ
8, ਜਨ ਮਾਰਗ ਸੈਕਟਰ-9-ਡੀ, ਚੰਡੀਗੜ੍ਹ

ਪਬਲਿਕ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠ ਲਿਖੇ ਵਿਅਕਤੀ(ਆਂ) ਨੇ ਚੰਡੀਗੜ੍ਹ ਹਾਊਸਿੰਗ ਬੋਰਡ (ਅਲਾਟਮੈਂਟ, ਮੈਨੇਜਮੈਂਟ ਅਤੇ ਟੈਨੇਮੈਂਟਸ) ਦੇ ਨਿਯਮ 1979 ਦੇ ਰੂਲ 16 ਅਧੀਨ ਬਲੱਡ ਰਿਲੇਸ਼ਨ ਟਰਾਂਸਫਰ ਪਾਲਿਸੀ ਦੇ ਆਧਾਰ 'ਤੇ ਡਿਵੈਲਿੰਗ ਯੂਨਿਟ ਦੀ ਅਲਾਟਮੈਂਟ ਦੀ ਤਬਦੀਲੀ ਲਈ ਅਪਲਾਈ ਕੀਤਾ ਹੈ

ਲੜੀ ਨੰ.	ਬਿਨੈਕਾਰ ਦਾ ਨਾਮ (ਪ੍ਰਸਤਾਵਿਤ ਟਰਾਂਸਫਰੀ)	ਅਲਾਟੀ/ਟਰਾਂਸਫਰੀ ਦਾ ਨਾਂ (ਟਰਾਂਸਫਰਰ)	ਡੀ.ਯੂ. ਨੰ.	ਸ਼੍ਰੇਣੀ	ਸੈਕਟਰ
1	ਸ੍ਰੀ ਰਾਕੇਸ਼ ਕੁਮਾਰ ਅਹੂਜਾ ਪੁੱਤਰ ਸ੍ਰੀ ਮੋਹਨ ਲਾਲ	ਸ੍ਰੀਮਤੀ ਸੁਦੇਸ਼ ਵਰਮਾ ਪਤਨੀ ਸ੍ਰੀ ਅਸ਼ੋਕ ਕੁਮਾਰ ਵਰਮਾ, ਪੁੱਤਰੀ ਸ੍ਰੀ ਮੋਹਨ ਲਾਲ ਅਹੂਜਾ	2043-ਬੀ	ਬਲਾਕ ਨੰ.ਬੀ 19 ਵਿੱਚ ਪਾਰਕਿੰਗ ਨੰ B19-CSL-1054)3BR	63, ਚੰਡੀਗੜ੍ਹ

ਜੇਕਰ ਕਿਸੇ ਨੂੰ ਉਪਰ ਦੱਸੀ ਡਿਵੈਲਿੰਗ ਯੂਨਿਟ ਦੀ ਅਲਾਟਮੈਂਟ ਦੀ ਤਬਦੀਲੀ ਸਬੰਧੀ ਕੋਈ ਇਤਰਾਜ਼ ਹੈ ਜੇ ਕੋਈ ਹੈ ਤਾਂ ਉਹ ਨਿਮਨਹਸਖਰੀ ਕੋਲ ਦਸਤਾਵੇਜ਼ ਸਬੂਤਾਂ ਲਿਖਤੀ ਰੂਪ ਵਿਚ ਇਸ ਨੋਟਿਸ ਦੇ ਛਪਣ ਤੋਂ ਬਾਅਦ 21 ਦਿਨਾਂ ਅੰਦਰ-ਅੰਦਰ ਦਾਖਲ ਕਰ ਸਕਦਾ ਹੈ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

ਚੰਡੀਗੜ੍ਹ ਹਾਊਸਿੰਗ ਬੋਰਡ
(ਚੰਡੀਗੜ੍ਹ ਪ੍ਰਸ਼ਾਸਨ ਅਧੀਨ ਇਕ ਅਦਾਰਾ)
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

ਪਬਲਿਕ ਨੋਟਿਸ

ਸਨਮੁਖ ਸਕੱਤਰ, ਸੀਐਚਬੀ, ਅਸਟੇਟ ਅਫ਼ਸਰ ਦੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ, ਯੂ.ਟੀ., ਚੰਡੀਗੜ੍ਹ

ਵਿਸ਼ਾ : ਡਿਵੈਲਿੰਗ ਯੂਨਿਟ ਨੰ. 116 ਸ਼੍ਰੇਣੀ HIG ਵਿਚ ਸੈਕਟਰ 45-ਏ, ਚੰਡੀਗੜ੍ਹ ਦੇ ਮਾਲਕੀ ਹੱਕ/ਇਤਕਾਲ ਦੀ ਤਬਦੀਲੀ, ਸੇਲ ਡੀਡ ਦੇ ਆਧਾਰ 'ਤੇ ਅਲਾਟੀ/ਟਰਾਂਸਫਰੀ ਸ੍ਰੀ ਐਲ.ਆਰ. ਰੂਜ਼ਮ (ਐਲ.ਆਰ. ਰੂਜਮ) ਪੁੱਤਰ ਸ੍ਰੀ ਮਿਲਖੀ ਰਾਮ ਦੇ ਨਾਂ ਤੋਂ 1. ਸ੍ਰੀ ਕਿਸ਼ਨ ਗੋਪਾਲ ਸ਼ਰਮਾ ਪੁੱਤਰ ਸ੍ਰੀ ਅਸ਼ੋਕ ਕੁਮਾਰ ਸ਼ਰਮਾ ਅਤੇ 2. ਸ੍ਰੀਮਤੀ ਤ੍ਰਿਪਤੀ ਸ਼ਰਮਾ ਪਤਨੀ ਸ੍ਰੀ ਕ੍ਰਿਸ਼ਨ ਗੋਪਾਲ ਸ਼ਰਮਾ ਦੇ ਨਾਂ ਤਬਦੀਲ ਕਰਨ ਸਬੰਧੀ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਡਿਵੈਲਿੰਗ ਯੂਨਿਟ ਨੰ. 116 ਸ਼੍ਰੇਣੀ HIG ਵਿਚ ਸੈਕਟਰ 45-ਏ, ਚੰਡੀਗੜ੍ਹ ਅਲਾਟੀ/ਟਰਾਂਸਫਰੀ ਸ੍ਰੀ ਐਲ.ਆਰ. ਰੂਜ਼ਮ (ਐਲ.ਆਰ. ਰੂਜਮ) ਪੁੱਤਰ ਸ੍ਰੀ ਮਿਲਖੀ ਰਾਮ ਦੇ ਨਾਂ ਹੈ। ਹੁਣ ਸ੍ਰੀ ਐਲ.ਆਰ. ਰੂਜ਼ਮ (ਐਲ.ਆਰ. ਰੂਜਮ) ਪੁੱਤਰ ਸ੍ਰੀ ਮਿਲਖੀ ਰਾਮ ਨੇ ਉਪਰੋਕਤ ਉਕਤ ਡਿਵੈਲਿੰਗ ਯੂਨਿਟ ਮਿਤੀ 02.09.2026 ਨੂੰ ਦਫ਼ਤਰ ਸਬ ਰਜਿਸਟਰਾਰ ਚੰਡੀਗੜ੍ਹ ਵਿਚ ਰਜਿਸਟਰਡ ਅਤੇ ਸੇਲ ਡੀਡ ਵਸੀਅਤ ਤਹਿਤ 1. ਸ੍ਰੀ ਕਿਸ਼ਨ ਗੋਪਾਲ ਸ਼ਰਮਾ ਪੁੱਤਰ ਸ੍ਰੀ ਅਸ਼ੋਕ ਕੁਮਾਰ ਸ਼ਰਮਾ ਅਤੇ 2. ਸ੍ਰੀਮਤੀ ਤ੍ਰਿਪਤੀ ਸ਼ਰਮਾ ਪਤਨੀ ਸ੍ਰੀ ਕ੍ਰਿਸ਼ਨ ਗੋਪਾਲ ਸ਼ਰਮਾ ਨੂੰ ਵੇਚ ਦਿੱਤੀ ਹੈ। 1. ਸ੍ਰੀ ਕਿਸ਼ਨ ਗੋਪਾਲ ਸ਼ਰਮਾ ਪੁੱਤਰ ਸ੍ਰੀ ਅਸ਼ੋਕ ਕੁਮਾਰ ਸ਼ਰਮਾ ਅਤੇ 2. ਸ੍ਰੀਮਤੀ ਤ੍ਰਿਪਤੀ ਸ਼ਰਮਾ ਪਤਨੀ ਸ੍ਰੀ ਕ੍ਰਿਸ਼ਨ ਗੋਪਾਲ ਸ਼ਰਮਾ ਨੇ ਸੇਲ ਡੀਡ ਦੇ ਆਧਾਰ 'ਤੇ ਉਪਰੋਕਤ ਉਕਤ ਡਿਵੈਲਿੰਗ ਆਪਣੇ ਨਾਂ ਤਬਦੀਲ ਕਰਨ ਲਈ ਅਪਲਾਈ ਕੀਤਾ ਹੈ।

ਜੇਕਰ ਕਿਸੇ ਨੂੰ ਵੀ ਉੱਪਰ ਲਿਖੀ ਜਾਇਦਾਦ ਦਾ ਇੰਤਕਾਲ ਬਿਨੈਕਾਰ ਦੇ ਪੱਖ ਵਿਚ ਕਰਨ ਬਾਬਤ ਕੋਈ ਇਤਰਾਜ਼ ਹੈ ਤਾਂ ਉਹ ਇਸ ਨੋਟਿਸ ਦੀ ਪ੍ਰਕਾਸ਼ਨਾ ਦੇ 21 ਦਿਨਾਂ ਦੇ ਅੰਦਰ ਅੰਦਰ ਲਿਖਤੀ ਰੂਪ ਵਿਚ ਇਤਰਾਜ਼ ਨਿਮਨਹਸਤਾਖ਼ਰੀ ਕੋਲ ਦਰਜ ਕਰਵਾ ਸਕਦਾ ਹੈ। ਇਤਰਾਜ਼ ਨਾਂ ਆਉਣ ਦੀ ਸੂਰਤ ਵਿਚ ਉਕਤ ਡਿਵੈਲਿੰਗ ਯੂਨਿਟ ਉਕਤ ਉਪਰ ਦਰਸਾਏ ਬਿਨੈਕਾਰ ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ,
ਚੰਡੀਗੜ੍ਹ

ਚੰਡੀਗੜ੍ਹ ਹਾਊਸਿੰਗ ਬੋਰਡ
ਚੰਡੀਗੜ੍ਹ ਪ੍ਰਸ਼ਾਸਨ ਦਾ ਇਕ ਅਦਾਰਾ
8, ਜਨ ਮਾਰਗ ਸੈਕਟਰ-9-ਡੀ, ਚੰਡੀਗੜ੍ਹ

ਪਬਲਿਕ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠ ਲਿਖੇ ਵਿਅਕਤੀਆਂ ਨੇ ਚੰਡੀਗੜ੍ਹ ਹਾਊਸਿੰਗ ਬੋਰਡ (ਅਲਾਟਮੈਂਟ ਮੈਨੇਜਮੈਂਟ ਅਤੇ ਸੇਲ ਟੈਂਨਾਮੈਂਟ) ਰੈਗੂਲੇਸ਼ਨ 1979 ਅਧੀਨ ਉਨ੍ਹਾਂ ਦੇ ਨਾਂ 'ਤੇ ਡਿਵੈਲਿੰਗ ਯੂਨਿਟ ਦੀ ਵਿਕਰੀ/ਖਰੀਦ ਦੀ ਆਗਿਆ ਲਈ ਅਪਲਾਈ ਕੀਤਾ ਹੈ।

ਲੜੀ ਨੰ.	ਬਿਨੈਕਾਰ ਦਾ ਨਾਮ (ਪ੍ਰਸਤਾਵਿਤ ਟਰਾਂਸਫਰੀ)	ਅਲਾਟੀ/ਟਰਾਂਸਫਰੀ ਦਾ ਨਾਂ (ਟਰਾਂਸਫਰਰ)	ਡੀ.ਯੂ. ਨੰ.	ਸ਼੍ਰੇਣੀ	ਸੈਕਟਰ
1	1. ਸ੍ਰੀਮਤੀ ਸ਼ਮਾ ਦੇਵੀ ਪਤਨੀ ਸ੍ਰੀ ਰਜਿੰਦਰ ਕੁਮਾਰ ਅਤੇ 2. ਸ੍ਰੀ ਰਜਿੰਦਰ ਕੁਮਾਰ ਪੁੱਤਰ ਸ੍ਰੀ ਰਾਮ ਕਰਨ	1. ਸ੍ਰੀ ਸੁਨੀਲ ਬਹਿਲ ਪੁੱਤਰ ਸਵ. ਸ੍ਰੀ ਗੋਵਰਧਨ ਦਾਸ ਬਹਿਲ (ਗੋਵਰਧਨ ਦਾਸ ਬਹਿਲ) (ਜਿਸ ਕੋਲ 1/6 ਹਿੱਸਾ) ਖੁਦ ਅਤੇ ਇਨ੍ਹਾਂ ਦਾ ਜੀ ਪੀਏ ੳ. ਸ੍ਰੀ ਸੁਦੇਸ਼ ਬਹਿਲ (ਸੁਦੇਸ਼ ਕੁਮਾਰ ਬਹਿਲ) ਪੁੱਤਰ ਸਵ. ਸ੍ਰੀ ਜੀ.ਡੀ. ਬਹਿਲ (ਗੋਵਰਧਨ ਦਾਸ ਬਹਿਲ) (ਜਿਸ ਕੋਲ 1/6 ਹਿੱਸਾ) ਅ. ਸ੍ਰੀਮਤੀ ਅਭਿਲਾਸ਼ਾ ਪੁਰੀ ਪੁੱਤਰੀ ਸਵ. ਗੋਵਰਧਨ ਦਾਸ ਪਤਨੀ ਸ੍ਰੀ ਪ੍ਰੇਮ ਨਾਥ ਪੁਰੀ (ਜਿਸ ਕੋਲ 1/6 ਹਿੱਸਾ) ੲ. ਸ੍ਰੀ ਰਾਜ ਕੁਮਾਰ ਬਹਿਲ ਪੁੱਤਰ ਸਵ. ਸ੍ਰੀ ਜੀ.ਡੀ. ਬਹਿਲ (ਗੋਵਰਧਨ ਦਾਸ ਬਹਿਲ) (ਜਿਸ ਕੋਲ 1/6 ਹਿੱਸਾ) ਸ. ਸ੍ਰੀਮਤੀ ਪ੍ਰਭਾ ਕਾਂਤਾ ਮਹਿਤਾ ਪੁੱਤਰੀ ਸਵ. ਗੋਵਰਧਨ ਦਾਸ ਬਹਿਲ ਪਤਨੀ ਸ੍ਰੀ ਜਗਦੀਸ਼ ਚੰਦਰ ਮਹਿਤਾ (ਜਿਸ ਕੋਲ 1/6 ਹਿੱਸਾ) 1. ਸ੍ਰੀ ਗਰੀਸ਼ ਬਹਿਲ (ਗਿਰੀਸ਼ ਬਹਿਲ) ਪੁੱਤਰ ਸਵ .ਸ੍ਰੀ ਅਸ਼ੋਕ ਕੁਮਾਰ (ਅਸ਼ੋਕ ਬਹਿਲ) (ਜਿਸ ਕੋਲ 1/12ਵਾਂ ਹਿੱਸਾ) ਅਤੇ 2. ਸ੍ਰੀਮਤੀ ਮੋਨਾ ਸੇਠੀ ਪੁੱਤਰੀ ਸਵ. ਸ੍ਰੀ ਅਸ਼ੋਕ ਕੁਮਾਰ ਪਤਨੀ ਸ੍ਰੀ ਸੰਦੀਪ ਸੇਠੀ (ਜਿਸ ਕੋਲ 1/12ਵਾਂ ਹਿੱਸਾ)	1700	EWS	29-ਬੀ, ਚੰਡੀਗੜ੍ਹ

ਜੇਕਰ ਕਿਸੇ ਨੂੰ ਉਪਰ ਦੱਸੀ ਡਿਵੈਲਿੰਗ ਯੂਨਿਟ ਦੀ ਅਲਾਟਮੈਂਟ ਦੀ ਤਬਦੀਲੀ ਸਬੰਧੀ ਕੋਈ ਇਤਰਾਜ਼ ਹੈ ਜੇ ਕੋਈ ਹੈ ਤਾਂ ਉਹ ਨਿਮਨਹਸਖਰੀ ਕੋਲ ਦਸਤਾਵੇਜ਼ ਸਬੂਤਾਂ ਲਿਖਤੀ ਰੂਪ ਵਿਚ ਇਸ ਨੋਟਿਸ ਦੇ ਛਪਣ ਤੋਂ ਬਾਅਦ 21 ਦਿਨਾਂ ਅੰਦਰ-ਅੰਦਰ ਦਾਖਲ ਕਰ ਸਕਦਾ ਹੈ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ